www.ajdiawaaz.com

info@ajdiawaaz.com
awaaznewsdesk@gmail.com

# ਅੱਜ ਦੀ ਆਵਾਜ਼

ਕੀਮਤ 2 ਰੁਪਏ

• ਜਲੰਧਰ 6 ਜੁਲਾਈ, 2010 ਮੰਗਲਵਾਰ • 22 ਹਾੜ ਨਾਨਕਸ਼ਾਹੀ ਸੰਮਤ 542 • ਸਾਲ 26 • ਅੰਕ ਨੰ. 84 •ਟੈਲੀਫੋਨ ਨੰ.0181- 4626370, 2235707, ਫੈਕਸ ਨੰ. : 0181-2225427, 2235427 • Postel Regd. No. PB/0007/09-2011





# 'ਭਾਰਤ ਬੰਦ' ਦੇਸ਼ ਭਰ 'ਚ ਵਿਆਪਕ ਅਸਰ

☛ ਹਰਸਿਮਰਤ ਬਾਦਲ ਸਮੇਤ ਕਈ ਦਿੱਗਜ ਆਗੂਆਂ ਵੱਲੋਂ ਗ੍ਰਿਫਤਾਰੀਆਂ ☛ ਰੇਲ, ਸੜਕੀ ਤੇ ਹਵਾਈ ਆਵਾਜਾਈ ਪ੍ਰਭਾਵਿਤ ☛ ਕਈ ਵਾਹਨਾਂ ਦੀ ਭੰਨ-ਤੋੜ



ਨਵੀਂ ਦਿੱਲੀ/ਚੰਡੀਗੜ੍ਹ, 5 ਜੁਲਾਈ (ਜਸਵੰਤ ਸਿੰਘ ਅਜੀਤ/ਹਰੀਸ਼ ਚੰਦਰ ਬਾਗਾਂਵਾਲਾ/ਵਿਸ਼ਵ ਵਾਰਤਾ)-ਪੈਟਰੋਲੀਅਮ ਪਦਾਰਥਾਂ ਦੀਆਂ ਕੀਮਤਾਂ ਵਿਚ ਵਾਧੇ ਅਤੇ ਮਹਿੰਗਾਈ ਖਿਲਾਫ਼ ਭਾਜਪਾ ਅਤੇ ਹੋਰ ਵਿਰੋਧੀ ਪਾਰਟੀਆਂ ਦੇ ਸੱਦੇ 'ਤੇ 'ਭਾਰਤ ਬੰਦ' ਦਾ ਦੇਸ਼ ਭਰ ਵਿਚ ਵਿਆਪਕ ਅਸਰ ਦੇਖਿਆ ਗਿਆ। ਦਿੱਲੀ, ਮੁੰਬਈ, ਕੋਲਕਾਤਾ, ਲਖਨਊ ਤੇ ਗੁਜਰਾਤ ਸਮੇਤ ਸਾਰੇ ਸ਼ਹਿਰਾਂ ਵਿਚ ਬੰਦ ਕਾਰਨ ਜਨ-ਜੀਵਨ ਪ੍ਰਭਾਵਿਤ ਹੋ ਕੇ ਰਹਿ ਗਿਆ। ਸੜਕਾਂ ਸੁੰਨਸਾਨ ਰਹੀਆਂ, ਪ੍ਰਮੁੱਖ ਬਾਜ਼ਾਰਾਂ ਵਿਚ ਵੀ ਰੌਣਕ ਗਾਇਬ ਰਹੀ। ਦਿੱਲੀ, ਮੁੰਬਈ ਸਮੇਤ ਕਈ ਵੱਡੇ ਸ਼ਹਿਰਾਂ ਵਿਚ ਸਕੂਲ ਤੇ ਕਾਲਜ ਬੰਦ ਰਹੇ। ਇਸ ਦੌਰਾਨ ਸੜਕੀ, ਰੇਲ ਅਤੇ ਹਵਾਈ ਆਵਾਜਾਈ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ।

ਬੰਦ ਦੌਰਾਨ ਕਈ ਵਾਹਨਾਂ ਦੀ ਭੰਨ-ਤੋੜ ਕੀਤੀ ਗਈ। ਇਕੱਲੀ ਮੁੰਬਈ ਵਿਚ ਹੀ ਬੇਸਟ ਦੀਆਂ 100 ਬੱਸਾਂ ਭੰਨੀਆਂ ਗਈਆਂ। ਇਥੇ ਟੈਕਸੀ ਅਤੇ ਆਟੋ ਸੇਵਾਵਾਂ ਠੱਪ ਰਹੀਆਂ। ਮੁੰਬਈ ਵਿਖੇ ਹਵਾਈ ਆਵਾਜਾਈ ਉਤੇ ਵੀ ਬੰਦ ਦਾ ਅਸਰ ਹੋਇਆ ਤੇ ਲਗਪਗ 84 ਉਡਾਨਾਂ ਨੂੰ ਰੱਦ ਕਰਨਾ ਪਿਆ। ਜਿਸ ਕਾਰਨ ਆਮ ਜਨ ਜੀਵਨ ਪ੍ਰਭਾਵਿਤ ਹੋ ਕੇ ਰਹਿ ਗਿਆ।

ਇਸ ਦੌਰਾਨ ਦੇਸ਼ ਭਰ ਦੇ ਵੱਖ-ਵੱਖ ਸ਼ਹਿਰਾਂ ਵਿਚ ਭਾਜਪਾ ਅਤੇ ਦੂਸਰੇ ਰਾਜਨੀਤਿਕ ਪਾਰਟੀਆਂ ਦੇ ਸੀਨੀਅਰ ਆਗੂਆਂ ਨੂੰ ਪੁਲਿਸ ਨੇ ਗ੍ਰਿਫਤਾਰ ਕੀਤਾ। ਰਾਜਧਾਨੀ ਦਿੱਲੀ ਦੇ ਚਾਂਦਨੀ ਚੌਕ 'ਤੇ ਧਰਨੇ 'ਤੇ ਬੈਠੇ ਸਾਬਕਾ ਭਾਜਪਾ ਪ੍ਰਧਾਨ ਰਾਜਨਾਥ ਸਿੰਘ, ਵਰਤਮਾਨ ਪ੍ਰਧਾਨ ਨਿਤਿਨ ਗਡਕਰੀ, ਸ਼੍ਰੋਮਣੀ ਅਕਾਲੀ ਦਲ ਦੀ ਮੈਂਬਰ ਪਾਰਲੀਮੈਂਟ ਸ੍ਰੀਮਤੀ ਹਰਸਿਮਰਤ ਕੌਰ ਬਾਦਲ ਸਮੇਤ ਜਦ ਯੂ ਦੇ ਪ੍ਰਧਾਨ ਸ਼ਰਦ ਯਾਦਵ ਨੇ ਆਪਣੀਆਂ ਗ੍ਰਿਫਤਾਰੀਆਂ ਦਿੱਤੀਆਂ। ਇਸ ਤੋਂ ਇਲਾਵਾ ਮੁੰਬਈ ਵਿਚ ਭਾਜਪਾ ਨੇਤਾ ਗੋਪੀਨਾਥ ਮੁੰਡੇ ਤੇ ਸਪਾ ਨੇਤਾ ਅਬੂ ਆਜ਼ਮੀ ਦੀ ਗ੍ਰਿਫਤਾਰੀ ਦੀ ਖ਼ਬਰ ਹੈ। ਉਥੇ ਲਖਨਊ ਵਿਚ ਅਰੁਣ ਜੇਟਲੀ ਅਤੇ ਮੁਖਤਾਰ ਅੱਬਾਸ ਨਕਵੀ ਨੂੰ ਵਿਧਾਨ ਸਭਾ ਦੇ ਸਾਹਮਣੇ ਹਿਰਾਸਤ ਵਿਚ ਲਿਆ ਗਿਆ। ਸ਼੍ਰੋਮਣੀ ਅਕਾਲੀ ਦਲ ਬਾਦਲ ਦਿੱਲੀ ਪ੍ਰਦੇਸ਼ ਦੇ ਪ੍ਰਧਾਨ ਜੱਥੇਦਾਰ ਮਨਜੀਤ ਸਿੰਘ ਜੀ.ਕੇ. ਨਾਲ ਜੱਥੇਦਾਰ ਕੁਲਦੀਪ ਸਿੰਘ ਭੋਗਲ ਸ਼੍ਰੋਮਣੀ ਕਮੇਟੀ ਮੈਂਬਰ, ਬੀਬੀ ਮਨਦੀਪ ਕੌਰ ਬਖਸ਼ੀ, ਜਤਿੰਦਰ ਸਿੰਘ ਸ਼ੰਟੀ, ਕਪਤਾਨ ਇੰਦਰਪ੍ਰੀਤ ਸਿੰਘ, ਦਿੱਲੀ ਕਮੇਟੀ ਮੈਂਬਰ ਕੁਲਮੋਹਨ ਸਿੰਘ,ਅਮਰਜੀਤ ਸਿੰਘ ਪੱਪੂ, ਰਾਜਾ ਹਰਪ੍ਰੀਤ ਸਿੰਘ, ਤਨਵੰਤ ਸਿੰਘ, ਪਰਮਜੀਤ ਸਿੰਘ ਰਾਣਾ, ਚਮਨ ਸਿੰਘ, ਪਰਮਜੀਤ ਸਿੰਘ ਚੰਢੋਕ, ਕੁਲਦੀਪ ਸਿੰਘ ਸਾਹਨੀ, ਐੱਚ.ਐੱਸ.ਗੁਲਸ਼ਨ, ਵਿੱਕਰਮ ਸਿੰਘ, ਭਾਈ ਰਾਜਿੰਦਰ ਸਿੰਘ ਮੋਤੀ ਬਾਗ, ਸੁਦੀਪ ਸਿੰਘ ਰਾਣੀ ਬਾਗ, ਜਸਵੰਤ ਸਿੰਘ ਬੋਬੀ, ਬਲਵਿੰਦਰ ਸ਼ਰਮਾ ਸਮੇਤ ਸੈਂਕੜੇ ਪਾਰਟੀ ਵਰਕਰਾਂ ਨੇ ਸੰਸਦ ਭਵਨ ਦੇ ਬਾਹਰ ਪ੍ਰਦਰਸ਼ਨ ਕੀਤਾ। ਪ੍ਰਦਰਸ਼ਨਕਾਰੀਆਂ ਦੀ ਮੰਗ ਸੀ ਕਿ ਕੇਂਦਰ ਸਰਕਾਰ ਮਹਿੰਗਾਈ 'ਤੇ ਰੋਕ ਲਗਾਏ। ਪੈਟਰੋਲ, ਡੀਜਲ, ਰਸੋਈ ਗੈਸ, ਸੀ.ਐੱਨ.ਜੀ. ਦੀਆਂ ਵਧੀਆਂ ਕੀਮਤਾਂ ਤੁਰੰਤ ਵਾਪਸ ਲਵੇ। ਪ੍ਰਦਰਸ਼ਨਕਾਰੀਆਂ ਨੇ ਇੱਥੇ ਮਹਿੰਗਾਈ ਦੇ ਖਿਲਾਫ ਪੁਤਲਾ ਜਲਾਇਆ। ਪੁਤਲਾ ਜਲਾਉਣ ਤੋਂ ਬਾਅਦ ਸਾਰੇ ਵਰਕਰ ਮਨਜੀਤ ਸਿੰਘ ਜੀ.ਕੇ. ਦੀ ਅਗਵਾਈ ਵਿੱਚ ਟਾਊਨ ਹਾਲ ਪਹੁੰਚੇ, ਜਿੱਥੇ ਭਾਜਪਾ ਅਤੇ ਉਸ ਦੇ ਸਹਿਯੋਗੀ ਦਲਾਂ ਦਾ ਮਹਿੰਗਾਈ ਦੇ ਖਿਲਾਫ ਧਰਨਾ ਚੱਲ ਰਿਹਾ ਸੀ। ਇਸ ਧਰਨੇ ਵਿੱਚ ਜਿੱਥੇ ਹੋਰ ਦਲਾਂ ਦੇ ਆਗੂਆਂ ਨੇ ਲੋਕਾਂ ਨੂੰ ਸੰਬੋਧਨ ਕੀਤਾ, ਉੱਥੇ ਸ਼੍ਰੋਮਣੀ ਅਕਾਲੀ ਦਲ ਬਾਦਲ (ਬਠਿੰਡਾ) ਦੀ ਸੰਸਦ ਬੀਬੀ ਹਰਸਿਮਰਤ ਕੌਰ ਬਾਦਲ ਨੇ ਵੀ ਲੋਕਾਂ ਨੂੰ ਸੰਬੋਧਨ ਕੀਤਾ। ਬੀਬੀ ਬਾਦਲ ਨੇ ਕਿਹਾ ਕਿ ਮਹਿੰਗਾਈ ਦਾ ਸਭ ਤੋਂ ਜ਼ਿਆਦਾ ਅਸਰ ਮਹਿਲਾਵਾਂ ਨੂੰ ਝੇਲਣਾ ਪੈ ਰਿਹਾ ਹੈ ਜੋ ਕਿ ਘਰ ਨੂੰ ਚਲਾਉਂਦੀਆਂ ਹਨ। ਉਨ੍ਹਾਂ ਕਿਹਾ ਕਿ ਬੜੀ ਖੁਸ਼ੀ ਹੋਈ ਹੈ ਕਿ ਅੱਜ ਪੂਰੇ ਭਾਰਤ ਦੇ ਲੋਕ ਮਹਿੰਗਾਈ ਦੇ ਖਿਲਾਫ ਲਾਮਬੰਦ ਹੋਏ ਹਨ। ਬੀਬੀ ਬਾਦਲ ਨੇ ਕਿਹਾ ਕਿ ਅਸੀਂ ਧੰਨਵਾਦੀ ਹਾਂ ਸ਼੍ਰੋਮਣੀ ਅਕਾਲੀ ਦਲ ਬਾਦਲ ਦਿੱਲੀ ਪ੍ਰਦੇਸ਼ ਦੇ ਸਾਰੇ ਵਰਕਰਾਂ ਦੇ ਜਿਨ੍ਹਾਂ ਨੇ ਜੱਥੇਦਾਰ ਮਨਜੀਤ ਸਿੰਘ ਦੇ ਮੋਢੇ ਨਾਲ ਮੋਢਾ ਜੋੜ ਕੇ ਚੱਲਦੇ ਹੋਏ ਬੰਦ ਨੂੰ ਸਫਲ ਬਣਾਉਣ ਵਿੱਚ ☛(ਬਾਕੀ ਸਫਾ 2 'ਤੇ)

ਬੰਦ ਨਾਲ ਸੰਬਧਿਤ ਖ਼ਬਰਾਂ(ਸਫ਼ਾ 3 'ਤੇ ਦੇਖੋ)



## ਨਹੀਂ ਘਟਣਗੀਆਂ ਪੈਟਰੋਲ-ਡੀਜ਼ਲ ਦੀਆਂ ਕੀਮਤਾਂ-ਮੁਖਰਜੀ



ਕੋਲਕਾਤਾ, 5 ਜੁਲਾਈ (ਵਿਸ਼ਵ ਵਾਰਤਾ)-ਇਕ ਪਾਸੇ ਜਿੱਥੇ ਵਿਰੋਧੀ ਪਾਰਟੀਆਂ ਵੱਲੋਂ ਪੈਟਰੋਲ ਦੀਆਂ ਵਧੀਆਂ ਕੀਮਤਾਂ ਅਤੇ ਮਹਿੰਗਾਈ ਖਿਲਾਫ਼ ਰੋਸ ਮੁਜ਼ਾਹਰੇ ਕੀਤੇ ਜਾ ਰਹੇ ਹਨ, ਉਥੇ ਦੂਸਰੇ ਪਾਸੇ ਕੇਂਦਰ ਸਰਕਾਰ ਨੇ ਕਿਹਾ ਹੈ ਕਿ ਈਂਧਣ ਦੀਆਂ ਕੀਮਤਾਂ ਵਿਚ ਕਮੀ ਨਹੀਂ ਕੀਤੀ ਜਾਵੇਗੀ। ਅੱਜ ਇਥੇ ਇਕ ਸਮਾਗਮ ਵਿਚ ਵਿੱਤ ਮੰਤਰੀ ਸ੍ਰੀ ਪ੍ਰਣਬ ਮੁਖਰਜੀ ਨੇ ਕਿਹਾ ਕਿ ਸਰਕਾਰ ਵੱਲੋਂ ਜੋ ਕੀਮਤਾਂ ਵਧਾਈਆਂ ਗਈਆਂ ਹਨ ਉਨ੍ਹਾਂ ਉਤੇ ਨਾ ਹੀ ਵਿਚਾਰ ਨਹੀਂ ਕੀਤਾ ਜਾਵੇਗਾ ਅਤੇ ਨਾ ਹੀ ਉਨ੍ਹਾਂ ਨੂੰ ਘਟਾਇਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਵਧਦੀ ਮਹਿੰਗਾਈ ਅਤੇ ਮਹਿੰਗਾਈ ਦਰ ਨੂੰ ਕੰਟਰੋਲ 'ਚ ਕਰਨ ਲਈ ਅਜਿਹਾ ਕੀਤਾ ਜਾਣਾ ਜ਼ਰੂਰੀ ਹੋ ਗਿਆ ਸੀ।

## ਬੰਦ ਦੀ ਸਫਲਤਾ ਕਾਂਗਰਸ ਖਿਲਾਫ ਰੋਹ ਦਾ ਪ੍ਰਗਟਾਵਾ-ਸੁਖਬੀਰ



ਚੰਡੀਗੜ੍ਹ, 5 ਜੁਲਾਈ (ਹਰੀਸ ਚੰਦਰ ਬਾਗਾਂਵਾਲਾ)-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਉਪ ਮੁੱਖ ਮੰਤਰੀ ਸ੍ਰ ਸੁਖਬੀਰ ਸਿੰਘ ਬਾਦਲ ਨੇ ਭਾਰਤ ਬੰਦ ਨੂੰ ਮਿਲੇ ਲਾ ਮਿਸਾਲ ਹੁੰਗਾਰੇ ਲਈ ਦੇਸ਼ ਵਾਸੀਆਂ ਖਾਸ ਕਰ ਕੇ ਪੰਜਾਬੀਆਂ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਬੰਦ ਦੀ ਸਫਲਤਾ ਨੂੰ ਕਾਂਗਰਸ ਦੀਆਂ ਲੋਕ ਮਾਰੂ ਨੀਤੀਆਂ ਖਿਲਾਫ ਰੋਹ ਦਾ ਪ੍ਰਗਟਾਵਾ ਕਰਾਰ ਦਿੱਤਾ ਹੈ। ਅੱਜ ਇਥੇ ਪਾਰਟੀ ਦੇ ਮੁੱਖ ਦਫਤਰ ਤੋਂ ਸਕੱਤਰ ਅਤੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਵੱਲੋਂ ਜਾਰੀ ਕੀਤੇ ਬਿਆਨ ਵਿਚ ਸ੍ਰ ਬਾਦਲ ਨੇ ਆਖਿਆ ਕਿ ਬੰਦ ਨੂੰ ਲੋਕਾਂ ਵੱਲੋਂ ਮਿਲੇ ਭਰਵੇਂ ਹੁੰਗਾਰੇ ਨੇ ਸਾਬਿਤ ਕਰ ਦਿੱਤਾ ਹੈ ਕਿ ਲੋਕ ਯੂ ਪੀ ਏ ਸਰਕਾਰ ਵੱਲੋਂ ਦੇਸ਼ ਦੇ ਨਾਗਰਿਕਾਂ ਦੀ ਸ਼ੁਰੂ ਕੀਤੀ ਗਈ ਭਾਰੀ ਲੁੱਟ ਖਸੁੱਟ ਤੋਂ ਬਹੁਤ ਔਖੇ ਹਨ ਅਤੇ ਆਮ ਗਰੀਬ ਜਨਤਾ ਨੂੰ ਦੀਵਾਲੀਆ ਕਰਨ ਵੱਲ ਸੇਧਤ ਕੇਂਦਰ ਦੀਆਂ ਉਲਟ ਆਰਥਿਕ ਨੀਤੀਆਂ ਅਤੇ ਫੈਸਲਿਆਂ ਨੂੰ ਵਾਪਸ ਕਰਾਉਣ ਲਈ ਪੂਰੀ ਤਰ੍ਹਾਂ ਇਕਜੁੱਟ ਹਨ। ਸ੍ਰ ਬਾਦਲ ਨੇ ਕਿਹਾ ਕਿ ਕੇਂਦਰ ਨੂੰ ਦੇਸ਼ ਭਰ ਵਿਚ 'ਭਾਰਤ ਬੰਦ' ਨੂੰ ਮਿਲੇ ਸਮਰਥਨ ਤੋਂ ਸਬਕ ਲੈਂਦਿਆਂ ਮਿੱਟੀ ਦੇ ਤੇਲ, ਡੀਜ਼ਲ, ਰਸੋਈ ਗੈਸ ਅਤੇ ਪੈਟਰੋਲ ਦੀਆਂ ਕੀਮਤਾਂ ਵਿਚ ਕੀਤੇ ਗਏ 'ਘਾਤਕ' ਵਾਧੇ ਨੂੰ ਤੁਰੰਤ ਵਾਪਸ ਲੈਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਅੱਜ ਦੇ ਬੰਦ ਦੇ ਸਮਰਥਨ ਨੇ ਸਿੱਧ ਕਰ ਦਿੱਤਾ ਹੈ ਕਿ ਦੇਸ਼ ਦੀ ਜਨਤਾ ਇਸ ਵੇਲੇ ਨਾਪਾਕ ਗਠਜੋੜ ਯੂ ਪੀ ਏ ਦੇ ਪੂਰੀ ਤਰ੍ਹਾਂ ਖਿਲਾਫ ਹੈ ਅਤੇ ਜੇਕਰ ਯੂ ਪੀ ਏ ਇਸ ਤੱਥ ਨੂੰ ਸਵੀਕਾਰ ਕਰਨ ਲਈ ਤਿਆਰ ਨਹੀਂ ਤਾਂ ਫਿਰ ਉਸ ਨੂੰ ਸੱਤਾ ਤੋਂ ਲਾਂਭੇ ਹੋ ਕੇ ਇਕ ਵਾਰ ਫਿਰ ਤੋਂ ਫਤਵਾ ਹਾਸਿਲ ਕਰਨ ਲਈ ਮੈਦਾਨ ਵਿਚ ਨਿਤਰਨਾ ਚਾਹੀਦਾ ਹੈ।

## ਕੌਮੀ ਬੰਦ ਨਾਲ 10 ਹਜ਼ਾਰ ਕਰੋੜ ਦਾ ਘਾਟਾ



ਨਵੀਂ ਦਿੱਲੀ, 5 ਜੁਲਾਈ (ਇੰਟ.)-ਅੱਜ ਦੇ ਦੇਸ਼ ਵਿਆਪੀ ਬੰਦ ਨਾਲ ਦੇਸ਼ ਦੀ ਆਰਥਿਕਤਾ ਨੂੰ ਘੱਟੋ ਘੱਟ 10,000 ਕਰੋੜ ਰੁਪਏ ਦਾ ਘਾਟਾ ਪਿਆ ਹੈ। ਦੇਸ਼ ਦੇ ਵੱਖ ਵੱਖ ਸਨਅਤਕਾਰਾਂ ਅਤੇ ਕਾਰੋਬਾਰੀਆਂ ਨੇ ਇਹ ਬੰਦ ਦਾ ਸੱਦਾ ਦੇਣ ਵਾਲੀਆਂ ਸਿਆਸੀ ਪਾਰਟੀਆਂ ਦਾ ਜ਼ੋਰਦਾਰ ਵਿਰੋਧ ਕਰਦਿਆਂ ਕਿਹਾ ਹੈ ਕਿ ਇਸ ਬੰਦ ਦੇ ਸੱਦੇ ਨਾਲ ਆਮ ਲੋਕਾਂ ਮੁਸ਼ਕਿਲਾਂ ਦੇ ਨਾਲ ਨਾਲ ਦੇਸ਼ ਦੀ ਆਰਥਿਕਤਾ ਨੂੰ ਵੀ ਵੱਡਾ ਘਾਟਾ ਪਿਆ ਹੈ। ਉਨ੍ਹਾਂ ਕਿਹਾ ਕਿ ਸਿਆਸੀ ਲੋਕਾਂ ਵੱਲੋਂ ਆਮ ਲੋਕਾਂ ਦੀ ਜ਼ਿੰਦਗੀ ਵਿੱਚ ਵੱਧ ਰਹੀ ਦਖ਼ਲ ਅੰਦਾਜ਼ੀ ਉਚਿਤ ਨਹੀਂ ਹੈ। ਗੋਦਰੇਜ ਗਰੁੱਪ ਦੇ ਚੇਅਰਮੈਂ ਅਦੀਗੋਦਰੇਜ ਨੇ ਗੱਲਬਾਤ ਕਰਦਿਆਂ ਕਿਹਾ ਅਜਿਹੇ ਬੰਦ ਸਿਆਸੀ ਪਾਰਟੀਆਂ ਦੇ ਅਧਾਰ ਨੂੰ ਖੋਰਾ

## ਬੱਸ ਸਰਵਿਸ 'ਤੇ ਕੋਈ ਅਸਰ ਨਹੀਂ



ਚੰਡੀਗੜ੍ਹ, 5 ਜੁਲਾਈ (ਹਰੀਸ਼ ਚੰਦਰ ਬਾਗਾਂਵਾਲਾ)-ਚੰਡੀਗੜ੍ਹ ਨੂੰ ਅੱਜ ਲੁਧਿਆਣਾ, ਜਲੰਧਰ, ਅੰਮ੍ਰਿਤਸਰ, ਪਟਿਆਲਾ, ਅੰਬਾਲਾ, ਸ਼ਿਮਲਾਂ ਵਗੈਰਾ ਤੋਂ ਨਿਰਵਿਘਨ ਬੱਸ ਸੇਵਾ ਆਈ। ਇਸ ਤਰ੍ਹਾਂ ਸਾਰਾ ਦਿਨ ਚੰਡੀਗੜ੍ਹ ਨੂੰ ਹਿਮਾਚਲ ਪ੍ਰਦੇਸ਼, ਹਰਿਆਣਾ, ਦਿੱਲੀ ਤੋਂ ਬੱਸ ਸੇਵਾ ਨਿਰਵਿਘਨ ਆਉਂਦੀ ਜਾਂਦੀ ਰਹੀ। ਇਸ ਤਰ੍ਹਾਂ (ਪੰਜਾਬ) ਭਾਰਤ ਬੰਦ ਦਾ ਬੱਸ ਸੇਵਾ 'ਤੇ ਕੋਈ ਅਸਰ ਨਹੀਂ ਪਿਆ। ਜਿਵੇਂ ਕਿ ਆਮ ਲੋਕ ਸਮਝਦੇ ਸਨ ਕਿ ਬੱਸ ਸੇਵਾ ਬੰਦ ਰਹੇਗੀ। ਪੰਜਾਬ ਦੀਆਂ ਸੜਕਾਂ 'ਤੇ ਵੀ ਬੱਸ ਸੇਵਾ ਆਮ ਸੀ। ਟਰੱਕਾਂ, ਟਰਾਲੀਆਂ ਦਾ ਆਮ ਵਾਂਗ ਆਉਣਾ ਜਾਣਾ ਸੀ। ਕਿਸੇ ਜਗ੍ਹਾ ਵੀ ਟ੍ਰੈਫਿਕ ਨੂੰ ਕਿਸੇ ਵੀ ਪਾਰਟੀ ਦੇ ਨੇਤਾ ਜਾਂ ਵਰਕਰਾਂ ਨੇ ਨਹੀਂ ਰੋਕਿਆ। ਇਸ ਤਰ੍ਹਾਂ ਚੰਡੀਗੜ੍ਹ, ਮੋਰਿੰਡਾ, ਆਨੰਦਪੁਰ ਸਾਹਿਬ ਰੇਲਵੇ ਲਾਈਨ ਅਤੇ ਅੰਬਾਲਾ-ਨੰਗਲ ਰੇਲਵੇ ਲਾਈਨ ਉੱਤੇ ਰੇਲਵੇ ਆਵਾਜਾਈ ਨਿਰਵਿਘਨ ਜਾਰੀ ਰਹੀ।

## ਲੰਗਾਹ ਵਿਰੁੱਧ ਡੀ.ਡੀ.ਆਰ. ਦਰਜ, ਐੱਫ.ਆਈ.ਆਰ. ਵੀ ਛੇਤੀ ?

**ਮਾਮਲਾ ਸਕੱਤਰ ਦੀ ਖੁਦਕੁਸ਼ੀ ਦਾ**

ਚੰਡੀਗੜ੍ਹ, 5 ਜੁਲਾਈ (ਹਰੀਸ਼ ਚੰਦਰ ਬਾਗਾਂਵਾਲਾ)-ਪੰਜਾਬ ਦੇ ਖੇਤੀਬਾੜੀ ਮੰਤਰੀ ਸੁੱਚਾ ਸਿਘ ਲੰਗਾਹ ਦੀਆਂ ਮੁਸ਼ਕਲਾਂ ਹੋਰ ਵੱਧ ਸਕਦੀਆਂ ਹਨ, ਜਦੋਂ ਕਿ ਹਰਿਆਣਾ ਦੀ ਅੰਬਾਲਾ ਪੁਲਿਸ ਅਤੇ ਇੱਕ ਬੈਂਕ ਦੇ ਮੈਨੇਜਰ ਵਿਰੁੱਧ ਡੀ.ਡੀ.ਆਰ. ਤੋਂ ਬਾਅਦ ਫੌਜਦਾਰੀ ਕੇਸ ਵੀ ਦਰਜ ਕਰ ਸਕਦੀ ਹੈ। ਹੁਣ ਪੁਜੀਸ਼ਨ ਇਹ ਹੈ ਕਿ ਪੰਜਾਬ ਦੇ ਖੇਤੀਬਾੜੀ ਮੰਤਰੀ ਸੁੱਚਾ ਸਿੰਘ ਲੰਗਾਹ ਦੀਆਂ ਮੁਸ਼ਕਲਾਂ ਹੁਣ ਵਧਦੀਆਂ ਹੀ ਜਾ ਰਹੀਆਂ ਹਨ। ਸੁੱਚਾ ਸਿੰਘ ਲੰਗਾਹ ਨੂੰ ਆਪਣੇ ਪੀ.ਏ. ਹਰਬੰਸ ਲਾਲ ਦੇ ਲਾਪਤਾ ਹੋਣ 'ਤੇ ਉਸ ਵੱਲੋਂ ਆਪਣੇ ਖੁਦਕੁਸ਼ੀ ਸੋਸਾਇਡ ਕਰਨ ਅਤੇ ਪਹਿਲਾਂ ਲਿਖੇ ਪੱਤਰ ਵਿੱਚ ਜੋ ਗੰਭੀਰ ਦੋਸ਼ ਲਗਾਇਆ ਹੈ, ਉਸ ਨਾਲ ਲੰਗਾਹ ਦੀ ਕੰਮ ਕਰਨ ਦੇ ਤੌਰ ਤਰੀਕਿਆਂ ਤੇ ਕਾਰਜਸ਼ੈਲੀ 'ਤੇ ਸਵਾਲੀਆ ਚਿੰਨ੍ਹ ਲੱਗ ਗਿਆ ਹੈ। ਹਰਿਆਣਾ ਵਿੱਚ ਅੰਬਾਲਾ ਜ਼ਿਲ੍ਹੇ ਦੇ ਨੰਗਲ ਪੁਲਿਸ ਸਟੇਸ਼ਨ ਵਿੱਚ ਹਰਿਆਣਾ ਪੁਲਿਸ ਤੇ ਪੰਜਾਬ ਦੇ ਖੇਤੀਬਾੜੀ ਮੰਤਰੀ ਸੁੱਚਾ ਸਿੰਘ ਲੰਗਾਹ ਅਤੇ ਫਤਹਿਗੜ੍ਹ ਸਾਹਿਬ ਜ਼ਿਲ੍ਹੇ ਦੇ ਕਸਬਾ ਅਮਲੋਹ ਵਿੱਚ ਇੱਕ ਨਿੱਜੀ ਬੈਂਕ ਦੇ ਮੈਨੇਜਰ ਤਰਲੋਚਨ ਸਿੰਘ ਵਿਰੁੱਧ ਡੀ.ਡੀ.ਆਰ. ਦਰਜ ਕੀਤੀ ਹੈ। ਸੁੱਚਾ ਸਿੰਘ ਲੰਗਾਹ ਦਾ ਨਾਂਅ ਉਸ ਸੋਸਾਇਡ ਨੋਟ ਪੱਤਰ ਵਿੱਚ ਹੈ, ਜੋ ਉਸ ਦੇ ਪੀ.ਏ. ਹਰਬੰਸ ਲਾਲ ਨੇ ਖੁਦਕੁਸ਼ੀ ਕਰਨ ਤੋਂ ਪਹਿਲਾਂ ਆਪਣੇ ਘਰ ਛੱਡ ਗਿਆ ਸੀ ਤੇ ਬਾਅਦ ਵਿੱਚ ਉਸ ਨੇ ਬੀ.ਬੀ.ਐੱਮ ਦੀ ਨਹਿਰ ਵਿੱਚ ਖੁਦਕੁਸ਼ੀ ਕਰ ਲਈ। ਜਿਸਦੀ ਲਾਸ਼ ਪੁਲਿਸ ਤਲਾਸ਼ ਕਰ ਰਹੀ ਹੈ। ਕੱਲ੍ਹ ਹੀ ਪੁਲਿਸ ਨੂੰ ਹਰਬੰਸ ਲਾਲ ਦੇ ਭਰਾ ਕਸ਼ਮੀਰੀ ਲਾਲ ਨੇ ਉਸ ਸੁਸਾਇਡ ਪੱਤਰ ਪੁਲਿਸ ਨੂੰ ਸੌਂਪਿਆ ਸੀ। ਜਿਸ ਵਿੱਚ ਖੁਦਕੁਸ਼ੀ ਕਰਨ ਵਾਲੇ ਹਰਬੰਸ ਲਾਲ ਨੇ ਅਸਿੱਧੇ ਤੌਰ 'ਤੇ ਜਾਂ ਅਪ੍ਰਤੱਖ ਰੂਪ ਵਿੱਚ ਤਾਂ ਦੋਸ਼ੀ ਨਹੀਂ ਠਹਿਰਾਇਆ ਪਰ ਉਸ ਨੇ ਕਿਹਾ ਕਿ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਦੇ ਇੱਕ ਨਿੱਜੀ ਬੈਂਕ ਵਿੱਚ ਤਾਇਨਾਤ ਮੈਨੇਜਰ ਤਰਲੋਚਨ ਸਿੰਘ ਨੂੰ ਵੀ ਦੋਸ਼ੀ ਠਹਿਰਾਇਆ ਹੈ, ਜੋ ਮੰਤਰੀ ਨੂੰ ਮੇਰੇ ਵਿਰੁੱਧ ਇਕਸਾਉਂਦਾ ਰਿਹਾ ਹੈ।

## ਡਿਪਟੀ ਕਮਿਸ਼ਨਰਾਂ ਨੂੰ ਹੜ੍ਹਾਂ ਬਾਰੇ ਚੌਕਸ ਰਹਿਣ ਦੇ ਹੁਕਮ

ਚੰਡੀਗੜ੍ਹ, 5 ਜੁਲਾਈ: ਪੰਜਾਬ ਦੇ ਉਪ-ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਨੇ ਅੱਜ ਜਿਲ੍ਹਾ ਲੁਧਿਆਣਾ ਪ੍ਰਸ਼ਾਸ਼ਨ ਅਤੇ ਸਿੰਚਾਈ ਵਿਭਾਗ ਦੇ ਉੱਚ ਅਧਿਕਾਰੀਆਂ ਨੂੰ ਹਦਾਇਤ ਕੀਤੀ ਹੈ ਕਿ ਉਹ ਸਮਰਾਲਾ ਨਹਿਰ ਵਿੱਚ ਪਏ ਪਾੜ੍ਹ ਨੂੰ ਬੰਦ ਕਰਾਉਣ ਲਈ ਤੁਰੰਤ ਮੌਕੇ 'ਤੇ ਜਾ ਕੇ ਲੋੜੀਂਦੇ ਕਦਮ ਚੁੱਕਣ ਕਿਉਂਕਿ ਭਾਰੀ ਬਾਰਸ਼ ਉਪਰੰਤ ਨਹਿਰ ਵਿੱਚ ਪਾੜ੍ਹ ਕਾਰਨ ਸਮਰਾਲਾ, ਮਾਛੀਵਾੜਾ ਅਤੇ ਕੂੰਮਕਲਾਂ ਖੇਤਰ ਦੇ 22 ਪਿੰਡਾਂ ਦੇ 10,000 ਏਕੜ ਖੇਤੀ ਯੋਗ ਰਕਬੇ ਵਿੱਚ ਪਾਣੀ ਭਰ ਗਿਆ ਹੈ। ਉਨ੍ਹਾਂ ਇਸ ਹੜ੍ਹ ਰੂਪੀ ਸਥਿਤੀ ਕਾਰਨ ਖੇਤੀ ਯੋਗ ਰਕਬੇ, ਘਰਾਂ ਅਤੇ ਜਾਨੀ ਨੁਕਸਾਨ ਦਾ ਜਾਇਜ਼ਾ ਲਾਉਣ ਲਈ ਵਿਸੇਸ਼ ਗਿਰਦਾਵਰੀ ਕਰਵਾਏ ਜਾਣ ਦੇ ਨਿਰਦੇਸ਼ ਵੀ ਜਾਰੀ ਕੀਤੇ ਹਨ। ਉਪ-ਮੁੱਖ ਮੰਤਰੀ ਨੇ ਰਾਜ ਦੇ ਮੁੱਖ ਸਕੱਤਰ, ਸ਼੍ਰੀ ਐਸ.ਸੀ. ਅਗਰਵਾਲ ਨੂੰ ਕਿਹਾ ਹੈ ਕਿ ਉਹ ਸਮੂਹ ਡਿਪਟੀ ਕਮਿਸ਼ਨਰਾਂ ਨੂੰ ਹਦਾਇਤ ਕਰਨ ਕਿ ਉਹ ਹੜ੍ਹਾਂ ਬਾਰੇ ਪੂਰੀ ਤਰ੍ਹਾਂ ਚੌਕਸ ਰਹਿੰਦਿਆਂ ਆਪੋ-ਆਪਣੇ ਜਿਲ੍ਹਿਆਂ ਅੰਦਰੋਂ ਲੰਘਦੀਆਂ ਨਹਿਰਾਂ ਅਤੇ ਰਜਬਾਹਿਆਂ ਦੇ ਕਮਜੋਰ ਕਿਨਾਰਿਆਂ ਦੀ ਸ਼ਨਾਖਤ ਕਰਨ ਤਾਂ ਜੋਂ ਲੋੜੀਂਦੇ ਕਦਮ ਚੁੱਕੇ ਜਾ ਸਕਣ। ਉਨ੍ਹਾਂ ਕਿਹਾ ਕਿ ਸਮੁੱਚੇ ਰਾਜ ਅੰਦਰ ਕਿਸੇ ਵੀ ਥਾਂ ਹੜ੍ਹ ਜਿਹੀ ਸਥਿਤੀ ਨਾਲ ਨਜਿੱਠਣ ਲਈ ਹੜ੍ਹ ਰੋਕੂ ਤੰਤਰ ਨੂੰ ਪੂਰੀ ਤਰ੍ਹਾਂ ਤਿਆਰ ਬਰ ਤਿਆਰ ਰੱਖਿਆ ਜਾਵੇ।

ਉਨ੍ਹਾਂ ਕਿਹਾ ਕਿ ਨਹਿਰਾਂ ਅਤੇ ਰਜਬਾਹਿਆਂ ਦੇ ਕਮਜ਼ੋਰ ਕਿਨਾਰਿਆਂ ਦੀ ਸ਼ਨਾਖਤ ਲਈ ਸਿਵਲ ਅਤੇ ਨਹਿਰੀ ਪ੍ਰਸਾਸ਼ਨ ਸਥਾਨਕ ਪੁਲਿਸ ਅਤੇ ਪੰਚਾਇਤਾਂ ਦੀ ਮਦਦ ਲਈ ਜਾਵੇ। ਉਨ੍ਹਾਂ ਮੁੱਖ ਸਕੱਤਰ ਨੂੰ ਕਿਹਾ ਕਿ ਉਹ ਸਮੂਹ ਡਿਪਟੀ ਕਮਿਸ਼ਨਰਾਂ ਤੋਂ ਰੋਜ਼ਾਨਾ ਆਧਾਰ 'ਤੇ ਰਿਪੋਰਟਾਂ ਲੈਂਦੇ ਹੋਏ ਸਥਿਤੀ ਦੀ ਨਿੱਜੀ ਤੌਰ 'ਤੇ ਸਮੀਖਿਆ ਕਰਦੇ ਰਹਿਣ। ਸ. ਬਾਦਲ ਨੇ ਲੁਧਿਆਣਾ ਦੇ ਜਿਲ੍ਹਾ ਪ੍ਰਸ਼ਾਸ਼ਨ ਨੂੰ ਹਦਾਇਤ ਕੀਤੀ ਹੈ ਕਿ ਜਿਨ੍ਹਾਂ ਪਿੰਡਾਂ ਵਿੱਚ ਪਾਣੀ ਭਰ ਗਿਆ ਹੈ ਉਥੋਂ ਪਾਣੀ ਕਢਵਾਉਣ ਲਈ ਤੁਰੰਤ ਲੋੜੀਂਦੇ ਕਦਮ ਚੁੱਕੇ ਜਾਣ।

### ਰੇਤਾ ਕੱਢਣ 'ਤੇ ਕੀਤਾ ਸਟੇਅ ਤੁੜਵਾਉਣ ਲਈ ਮੁੱਖ ਸਕੱਤਰ ਨੂੰ ਹਦਾਇਤਾਂ-ਬਾਦਲ

ਫਿਰੋਜ਼ਪੁਰ, 5 ਜੁਲਾਈ (ਜੀ.ਐੱਸ. ਕਾਲੜਾ)-ਪੰਜਾਬ ਦੇ ਉਪ ਮੁੱਖ ਮੰਤਰੀ ਸ੍ਰੀ ਸੁਖਬੀਰ ਸਿੰਘ ਬਾਦਲ ਨੇ ਕਿਹਾ ਹੈ ਕਿ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵੱਲੋਂ ਰੇਤਾ ਦੀਆਂ ਖੱਡਾਂ ਵਿੱਚੋਂ ਰੇਤਾ ਕੱਢਣ 'ਤੇ ਲਗਾਏ ਗਏ ਸਟੇਅ ਨੂੰ ਖਾਰਜ ਕਰਵਾਉਣ ਦੇ ਲਈ ਮੁੱਖ ਸਕੱਤਰ ਪੰਜਾਬ ਨੂੰ ਕਿਹਾ ਗਿਆ ਹੈ ਕਿ ਉਹ ਆਪਣੇ ਪੱਧਰ 'ਤੇ ਕੇਸ ਦੀ ਪੈਰਵਾਈ ਕਰਕੇ ਸਟੇਅ ਨੂੰ ਰੱਦ ਕਰਵਾਉਣ ਤਾਂ ਜੋ ਉਸਾਰੀ ਦੇ ਕੰਮ ਵਿੱਚ ਵਿਘਨ ਨਾ ਪਵੇ।

## ਰੂਸੀ ਲੜਕੀ ਦੀ ਜਮਾਨਤ ਲਈ ਦਾਇਰ ਕੀਤੀ ਅਰਜੀ ਕੋਰਟ ਵੱਲੋਂ ਰੱਦ

ਰੂਪਨਗਰ/ 5 ਜੁਲਾਈ (ਅਮਰਜੀਤ ਸਿੰਘ)-ਜ਼ਿਲ੍ਹਾ ਪੁਲਿਸ ਰੂਪਨਗਰ ਨੂੰ ਜਰਮਨ ਨਾਗਰਿਕ ਥੋਮਸ ਕੋਹਨ ਦੇ ਕੇਸ਼ ਨਾਲ ਸਬੰਧਤ ਗ੍ਰਿਫਤਾਰ ਕੀਤੀ ਗਈ ਰੂਸੀ ਲੜਕੀ ਓਲਿਗਾ ਤਿਮੋਸ਼ਿਕ ਦੇ ਕਿਰਾਏ ਤੇ ਲਏ ਗਏ ਜੈਪੁਰ ਦੇ ਘਰ ਦੀ ਛਾਣਬੀਨ ਦੌਰਾਨ ਮਿਲੇ ਕੁੱਝ ਅਹਿਮ ਦਸਤਾਵੇਜ਼ ਦੀ ਬਰੀਕੀ ਨਾਲ ਕੀਤੀ ਜਾ ਰਹੀ ਜਾਂਚ ਤੋ ਇਕ ਹੋਰ ਨਵਾਂ ਖੁਲਾਸਾਂ ਹੋਇਆ ਹੈ ਜਿਸ ਤੋਂ ਪਤਾ ਲਗਿਆ ਹੈ ਕਿ ਜਰਮਨ ਨਾਗਰਿਕ ਥੋਮਸ ਕੋਹਨ ਦੇ ਨਾਂਮ ਤੇ ਨੇਪਾਲ ਜਾਣ ਲਈ ਜੈਪੁਰ ਵਿੱਖੇ ਜੈਟ ਲਾਇਟ ਇੰਡਿਆ ਲਿਮਟਡ ਕੰਪਨੀ ਦੇ ਦਫਤਰ ਤੋਂ ਦੋ ਵਾਰ ਏਅਰ ਟਿਕਟ ਖਰੀਦੇ ਗਏ ਹਨ। ਐਸ.ਐਸ. ਪੀ. ਨੇ ਦਸਿਆ ਕਿ ਇਸ ਲੜਕੀ ਦੇ ਘਰੋ ਮਿਲੇ ਦਸਤਾਵੇਜ਼ਾ ਦੀ ਗਹਿਰਾਈ ਨਾਲ ਜਾਂਚ ਕੀਤੀ ਜਾ ਰਹੀ ਹੈ ਅਤੇ ਕਈ ਹੋਰ ਅਹਿਮ ਜਾਣਕਾਰੀਆਂ ਮਿਲਣ ਦੀ ਸੰਭਾਵਨਾ ਹੈ। ਇਸੇ ਦੌਰਾਨ ਅਨੰਦਪੁਰ ਸਾਹਿਬ ਦੀ ਕੋਰਟ ਵੱਲੋ ਅੱਜ ਇਸ ਰੂਸੀ ਲੜਕੀ ਵੱਲੋ ਜਮਾਨਤ ਲਈ ਦਾਇਰ ਕੀਤੀ ਗਈ ਅਰਜੀ ਰੱਦ ਕਰ ਦਿੱਤੀ ਗਈ ਹੈ। ਕੋਰਟ ਵੱਲੋਂ ਇਸ ਲੜਕੀ ਨੂੰ 4 ਜੁਲਾਈ ਤੋਂ 15 ਜੁਲਾਈ ਤੱਕ ਅਦਾਲਤੀ ਹਿਰਾਸਤ ਵਿੱਚ ਜੇਲ ਭੇਜਿਆ ਗਿਆ ਹੈ।

## ਲਸ਼ਕਰ ਅੱਤਵਾਦੀ ਸੀ ਇਸ਼ਰਤ-ਹੈਡਲੀ ਨੇ ਕੀਤਾ ਖੁਲਾਸਾ

ਨਵੀਂ ਦਿੱਲੀ, 5 ਜੁਲਾਈ (ਵਿਸ਼ਵ ਵਾਰਤਾ)-ਅਮਰੀਕਾ ਵੱਲੋਂ ਗ੍ਰਿਫਤਾਰ ਕੀਤੇ ਗਏ ਅੱਤਵਾਦੀ ਡੇਵਿਡ ਕੋਲਮੈਨ ਹੈਡਲੀ ਨੇ ਖੁਲਾਸਾ ਕੀਤਾ ਹੈ ਕਿ ਗੁਜਰਾਤ ਇਨਕਾਊਂਟਰ ਵਿਚ ਮਾਰੀ ਗਈ ਇਸ਼ਰਤ ਦਾ ਸਬੰਧ ਅੱਤਵਾਦੀ ਸੰਗਠਨ ਲਸ਼ਕਰ ਨਾਲ ਸੀ ਤੇ ਉਹ ਲਸ਼ਕਰ ਲਈ ਕੰਮ ਕਰਦੀ ਸੀ। ਹੈਡਲੀ ਦੇ ਇਸ ਬਿਆਨ ਨੇ ਇਸ ਮਾਮਲੇ ਵਿਚ ਨਵਾਂ ਮੋੜ ਲਿਆ ਦਿੱਤਾ ਹੈ। ਇਸ ਦੇ ਨਾਲ ਹੀ ਗੁਜਰਾਤ ਪੁਲਿਸ ਦੇ ਦਾਅਵੇ ਦੀ ਵੀ ਪੁਸ਼ਟੀ ਹੋ ਗਈ ਹੈ, ਜਿਸ ਵਿਚ ਉਸ ਨੇ ਕਿਹਾ ਸੀ ਕਿ ਇਸ਼ਰਤ ਦਾ ਸਬੰਧ ਅੱਤਵਾਦੀ ਸੰਗਠਨ ਨਾਲ ਹੈ। ਹੈਡਲੀ ਨੇ ਐਨ.ਆਈ.ਏ. ਟੀਮ ਕੋਲ ਪੁੱਛਗਿੱਛ ਦੌਰਾਨ ਮੰਨਿਆ ਹੈ ਕਿ ਇਸ਼ਰਤ ਦੀ ਭਰਤੀ ਲਸ਼ਕਰ ਦੇ ਇਕ ਅੱਤਵਾਦੀ ਨੇ ਕੀਤੀ ਸੀ। ਜ਼ਿਕਰਯੋਗ ਹੈ ਕਿ ਇਸ਼ਰਤ ਇਨਕਾਊਂਟਰ ਮਾਮਲਾ 15 ਜੂਨ, 2004 ਦਾ ਹੈ, ਜਦੋਂ ਗੁਜਰਾਤ ਪੁਲਿਸ ਨੇ ਮੁੰਬਈ ਦੀ ਰਹਿਣ ਵਾਲੀ ਇਸ਼ਰਤ ਅਤੇ ਉਸ ਦੇ 2 ਸਾਥੀਆਂ ਰਾਜ ਕੁਮਾਰ ਰਾਣਾ ਅਤੇ ਜਿਸ਼ਾਨ ਜੌਹਰ ਨੂੰ ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਦੀ ਹੱਤਿਆ ਦੀ ਸਾਜਿਸ਼ ਰਚਣ ਦੇ ਦੋਸ਼ ਵਿਚ ਮਾਰ ਦਿੱਤਾ ਸੀ।

## ਚੀਨ 'ਚ ਬੱਸ ਨੂੰ ਅੱਗ ਲੱਗਣ ਕਾਰਨ 24 ਮਰੇ

ਬੀਜਿੰਗ, 5 ਜੁਲਾਈ (ਵਿਸ਼ਵ ਵਾਰਤਾ)-ਚੀਨ ਵਿਚ ਅੱਜ ਇਕ ਬੱਸ ਨੂੰ ਅੱਗ ਲੱਗ ਜਾਣ ਕਾਰਨ 24 ਲੋਕਾਂ ਦੀ ਮੌਤ ਹੋ ਗਈ। ਇਸ ਹਾਦਸੇ ਵਿਚ 19 ਹੋਰ ਲੋਕ ਜ਼ਖ਼ਮੀ ਵੀ ਹੋਏ ਹਨ, ਜਿਨ੍ਹਾਂ ਨੂੰ ਇਲਾਜ ਲਈ ਹਸਪਤਾਲ ਵਿਚ ਦਾਖ਼ਲ ਕਰਵਾਇਆ ਗਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਇਹ ਹਾਦਸਾ ਕੱਲ੍ਹ ਦੇਰ ਰਾਤ ਵਾਪਰਿਆ, ਜਦੋਂ ਕਿ ਕੰਪਨੀ ਦੀ ਬੱਸ ਵਿਚ ਮੁਲਾਜ਼ਮ ਸਵਾਰ ਹੋ ਕੇ ਘਰ ਜਾ ਰਹੇ ਸਨ ਕਿ ਅਚਾਨਕ ਇਸ ਬੱਸ ਨੂੰ ਅੱਗ ਲੱਗ ਗਈ। ਦੇਖਦਿਆਂ ਹੀ ਦੇਖਦਿਆਂ ਇਸ ਬੱਸ ਨੇ ਛੇਤੀ ਹੀ ਅੱਗ ਫੜ ਲਈ ਤੇ 24 ਕਰਮਚਾਰੀ ਬੱਸ ਦੇ ਅੰਦਰ ਹੀ ਸੜ ਕੇ ਮਰ ਗਏ। ਫਿਲਹਾਲ ਬੱਸ ਨੂੰ ਅੱਗ ਲੱਗਣ ਦੇ ਕਾਰਨਾਂ ਦਾ ਪਤਾ ਨਹੀਂ ਚੱਲ ਸਕਿਆ।

## ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦਾ ਪ੍ਰਕਾਸ਼ ਦਿਹਾੜਾ ਮਨਾਇਆ

### ਥਾਂ ਥਾਂ ਲੱਗੇ ਮਿੱਸੇ ਪ੍ਰਸ਼ਾਦਿਆਂ ਤੇ ਲੱਸੀ ਦੇ ਲੰਗਰ



(ਫੋਟੋ : ਪਿਆਰੇ ਲਾਲ)



(ਫੋਟੋ : ਰਾਜ ਜੋਸ਼ੀ)

ਲੁਧਿਆਣਾ, 5 ਜੁਲਾਈ (ਰਾਜ ਜੋਸ਼ੀ, ਜਸਮੀਤ ਕੌਰ)-ਛੇਵੇਂ ਪਾਤਸ਼ਾਹ ਮੀਰੀ-ਪੀਰੀ ਦੇ ਮਾਲਕ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ 415ਵੇਂ ਪ੍ਰਕਾਸ਼ ਉਤਸਵ ਦੇ ਸਬੰਧ ਵਿੱਚ ਅੱਜ ਸਥਾਨਕ ਘੁਮਾਰ ਮੰਡੀ ਸਥਿਤ ਗੁਰਦੁਆਰਾ ਸਿੰਘ ਸਭਾ ਮਾਈ ਨੰਦ ਕੌਰ ਜੀ ਵਿਖੇ ਸਵੇਰੇ ਅੰਮ੍ਰਿਤ ਵੇਲੇ ਤੋਂ ਕੀਰਤਨ ਦਰਬਾਰ ਸਜਾਏ ਗਏ ਤੇ ਗਿਆਨੀ ਹਰਨਾਮ ਸਿੰਘ ਜੋਸ਼ ਦੇ ਸ਼੍ਰੋਮਣੀ ਪੰਥਕ ਢਾਡੀ ਜੱਥੇ ਵੱਲੋਂ ਸੰਗਤਾਂ ਨੂੰ ਗੁਰੂ ਜੱਸ ਨਾਲ ਨਿਹਾਲ ☛(ਬਾਕੀ ਸਫਾ 2 'ਤੇ)

## ਜ਼ਿਲ੍ਹਾ ਅੰਮ੍ਰਿਤਸਰ ਤੋਂ ਪੱਤਰਕਾਰ ਬਣਨ ਦੇ ਚਾਹਵਾਨਾਂ ਲਈ ਜ਼ਰੂਰੀ ਸੂਚਨਾ

ਰੋਜ਼ਾਨਾ ਅੱਜ ਦੀ ਆਵਾਜ਼ ਵੱਲੋਂ ਅੰਮ੍ਰਿਤਸਰ ਵਿਖੇ ਸਬ ਆਫਿਸ ਕਾਇਮ ਕੀਤਾ ਗਿਆ ਹੈ। ਇਸ ਸਬ ਆਫਿਸ ਨਾਲ ਅੰਮ੍ਰਿਤਸਰ ਤੋਂ ਇਲਾਵਾ ਮਜ਼ੀਠਾ, ਰਾਜਾਸਾਂਸੀ, ਅਜਨਾਲਾ, ਵੇਰਕਾ, ਛੇਹਰਟਾ, ਜੰਡਿਆਲਾ, ਟਾਂਗਰਾ, ਰਈਆ, ਬਾਬਾ ਬਕਾਲਾ, ਕੱਥੂ ਨੰਗਲ ਅਤੇ ਮਹਿਤਾ ਸਟੇਸ਼ਨ ਲਾਏ ਗਏ ਹਨ। ਇਨ੍ਹਾਂ ਸਟੇਸ਼ਨਾਂ ਤੋਂ ਪੱਤਰਕਾਰ ਬਣਨ ਦੇ ਚਾਹਵਾਨ ਯੋਗ ਉਮੀਦਵਾਰ ਸਬ ਆਫਿਸ ਵਿਖੇ ਜ਼ਿਲ੍ਹਾ ਇੰਚਾਰਜ ਮੋਤਾ ਸਿੰਘ ਨਾਲ ਮੋਬਾ. ਨੰਬਰ 94173-73834 'ਤੇ ਸੰਪਰਕ ਕਰ ਸਕਦੇ ਹਨ। ਛੇਤੀ ਹੀ ਜ਼ਿਲ੍ਹੇ ਦੇ ਪੱਤਰਕਾਰਾਂ ਦੀ ਇੱਕ ਬੈਠਕ ਸਬ ਆਫਿਸ ਵਿਖੇ ਬੁਲਾਈ ਜਾਵੇਗੀ ਜਿਸ ਵਿੱਚ ਅਗਲਾ ਪ੍ਰੋਗਰਾਮ ਉਲਕਿਆ ਜਾਵੇਗਾ।

## ਜ਼ਿਲ੍ਹਾ ਲੁਧਿਆਣਾ ਤੋਂ ਪੱਤਰਕਾਰ ਬਣਨ ਦੇ ਚਾਹਵਾਨਾਂ ਲਈ ਜ਼ਰੂਰੀ ਸੂਚਨਾ

ਰੋਜ਼ਾਨਾ ਅੱਜ ਦੀ ਆਵਾਜ਼ ਵੱਲੋਂ ਲੁਧਿਆਣਾ ਵਿਖੇ ਸਬ ਆਫਿਸ ਕਾਇਮ ਕੀਤਾ ਗਿਆ ਹੈ। ਇਸ ਸਬ ਆਫਿਸ ਨਾਲ ਲੁਧਿਆਣਾ ਤੋਂ ਇਲਾਵਾ ਜਗਰਾਓਂ, ਮੁੱਲਾਂਪੁਰ, ਸੁਧਾਰ, ਰਾਏਕੋਟ, ਹੰਬੜਾ, ਸਿੱਧਵਾਂ ਬੇਟ, ਦੋਰਾਹਾ, ਖੰਨਾ, ਕੁਹਾੜਾ, ਰਾੜਾ ਸਾਹਿਬ, ਡੇਹਲੋਂ ਅਤੇ ਪਾਇਲ ਸਟੇਸ਼ਨ ਲਾਏ ਗਏ ਹਨ। ਇਨ੍ਹਾਂ ਸਟੇਸ਼ਨਾਂ ਤੋਂ ਨਵੇਂ ਪੱਤਰਕਾਰ ਬਣਨ ਦੇ ਚਾਹਵਾਨ ਯੋਗ ਉਮੀਦਵਾਰ ਸਬ ਆਫਿਸ ਵਿਖੇ ਜ਼ਿਲ੍ਹਾ ਇੰਚਾਰਜ ਰਾਜ ਜੋਸ਼ੀ ਨਾਲ ਮੋਬਾ. ਨੰਬਰ 98884-10444, 98141-75344 ਤੇ ਸੰਪਰਕ ਕਰ ਸਕਦੇ ਹਨ। ਛੇਤੀ ਹੀ ਜ਼ਿਲ੍ਹੇ ਦੇ ਪੱਤਰਕਾਰਾਂ ਦੀ ਇੱਕ ਬੈਠਕ ਸਬ ਆਫਿਸ ਵਿਖੇ ਬੁਲਾਈ ਜਾਵੇਗੀ ਜਿਸ ਵਿੱਚ ਅਗਲਾ ਪ੍ਰੋਗਰਾਮ ਉਲਕਿਆ ਜਾਵੇਗਾ। ਸੰਪਾਦਕ

## ਜ਼ਿਲ੍ਹਾ ਫਰੀਦਕੋਟ ਤੋਂ ਪੱਤਰਕਾਰ ਬਣਨ ਦੇ ਚਾਹਵਾਨਾਂ ਲਈ ਜ਼ਰੂਰੀ ਸੂਚਨਾ

ਰੋਜ਼ਾਨਾ ਅੱਜ ਦੀ ਆਵਾਜ਼ ਵੱਲੋਂ ਫਰੀਦਕੋਟ ਵਿਖੇ ਸਬ ਆਫਿਸ ਕਾਇਮ ਕੀਤਾ ਗਿਆ ਹੈ। ਇਸ ਸਬ ਆਫਿਸ ਨਾਲ ਫਰੀਦਕੋਟ ਤੋਂ ਇਲਾਵਾ ਕੋਟਕਪੂਰਾ, ਸਾਦਿਕ, ਜੈਤੋਂ, ਪੰਜਗਰਾਈ, ਤਲਵੰਡੀ ਭਾਈ, ਬਾਜਾਖਾਨਾ, ਬਗਰਾੜੀ ਸਟੇਸ਼ਨ ਲਾਏ ਗਏ ਹਨ। ਇਨ੍ਹਾਂ ਸਟੇਸ਼ਨਾਂ ਤੋਂ ਪੱਤਰਕਾਰ ਬਣਨ ਦੇ ਚਾਹਵਾਨ ਯੋਗ ਉਮੀਦਵਾਰ ਸਬ ਆਫਿਸ ਵਿਖੇ ਜ਼ਿਲ੍ਹਾ ਇੰਚਾਰਜ ਸਰਬਜੀਤ ਸਿੰਘ ਨਾਲ ਮੋਬਾ. ਨੰਬਰ 99156-75023 ਤੇ ਸੰਪਰਕ ਕਰ ਸਕਦੇ ਹਨ। ਛੇਤੀ ਹੀ ਜ਼ਿਲ੍ਹੇ ਦੇ ਪੱਤਰਕਾਰਾਂ ਦੀ ਇੱਕ ਬੈਠਕ ਸਬ ਆਫਿਸ ਵਿਖੇ ਬੁਲਾਈ ਜਾਵੇਗੀ ਜਿਸ ਵਿੱਚ ਅਗਲਾ ਵਿਚਾਰ ਵਟਾਂਦਰਾ ਕੀਤਾ ਜਾਵੇਗਾ।

## ਜ਼ਿਲ੍ਹਾ ਬਠਿੰਡਾ ਤੋਂ ਪੱਤਰਕਾਰ ਬਣਨ ਦੇ ਚਾਹਵਾਨਾਂ ਲਈ ਜ਼ਰੂਰੀ ਸੂਚਨਾ

ਰੋਜ਼ਾਨਾ ਅੱਜ ਦੀ ਆਵਾਜ਼ ਵੱਲੋਂ ਬਠਿੰਡਾ ਵਿਖੇ ਛੇਤੀ ਹੀ ਸਬ ਆਫਿਸ ਕਾਇਮ ਕੀਤਾ ਜਾ ਰਿਹਾ ਹੈ। ਇਸ ਸਬ ਆਫਿਸ ਨਾਲ ਬਠਿੰਡਾ ਤੋਂ ਇਲਾਵਾ ਰਾਮਾ ਮੰਡੀ, ਤਲਵੰਡੀ ਸਾਬੋ, ਮੌੜ ਮੰਡੀ, ਸੰਗਤ ਮੰਡੀ, ਭੁੱਚੋ ਮੰਡੀ, ਲਹਿਰਾ ਮੁਹੱਬਤੇ, ਗੋਨਿਆਣਾ, ਨਥਾਣਾ, ਰਾਮਪੁਰਾ, ਭਗਤਾ ਭਾਈਕਾ, ਭਾਈਰੂਪਾ, ਕੋਟਸ਼ਮੀਰ ਅਤੇ ਦਿਉਣ ਸਟੇਸ਼ਨ ਲਾਏ ਗਏ ਹਨ। ਇਨ੍ਹਾਂ ਸਟੇਸ਼ਨਾਂ ਤੋਂ ਨਵੇਂ ਪੱਤਰਕਾਰ ਬਣਨ ਦੇ ਚਾਹਵਾਨ ਯੋਗ ਉਮੀਦਵਾਰ ਜ਼ਿਲ੍ਹਾ ਇੰਚਾਰਜ ਜਸਵਿੰਦਰ ਸਿੰਘ ਅਰੋੜਾ ਨਾਲ ਮੋਬਾ. ਨੰਬਰ 90417-20869, 81460-52869 ਤੇ ਸੰਪਰਕ ਕਰ ਸਕਦੇ ਹਨ। ਛੇਤੀ ਹੀ ਜ਼ਿਲ੍ਹੇ ਦੇ ਪੱਤਰਕਾਰਾਂ ਦੀ ਇੱਕ ਬੈਠਕ ਸਬ ਆਫਿਸ ਵਿਖੇ ਬੁਲਾਈ ਜਾਵੇਗੀ ਜਿਸ ਵਿੱਚ ਅਗਲਾ ਪ੍ਰੋਗਰਾਮ ਉਲਕਿਆ ਜਾਵੇਗਾ।

## ਜ਼ਿਲ੍ਹਾ ਮੋਗਾ ਤੋਂ ਪੱਤਰਕਾਰ ਬਣਨ ਦੇ ਚਾਹਵਾਨਾਂ ਲਈ ਜ਼ਰੂਰੀ ਸੂਚਨਾ

ਰੋਜ਼ਾਨਾ ਅੱਜ ਦੀ ਆਵਾਜ਼ ਵੱਲੋਂ ਮੋਗਾ ਵਿਖੇ ਛੇਤੀ ਹੀ ਸਬ ਆਫਿਸ ਕਾਇਮ ਕੀਤਾ ਜਾ ਰਿਹਾ ਹੈ। ਇਸ ਸਬ ਆਫਿਸ ਨਾਲ ਮੋਗਾ ਤੋਂ ਇਲਾਵਾ ਕੋਟਈਸੇਖਾਂ, ਧਰਮਕੋਟ, ਅਜਿਤਵਾਲ, ਬਧਨੀ, ਬਾਘਾ ਪੁਰਾਣਾ, ਸਮਾਲਸਰ, ਲੋਪੋ, ਢੁੱਡੀਕੇ ਆਦਿ ਸਟੇਸ਼ਨ ਲਾਏ ਗਏ ਹਨ। ਇਨ੍ਹਾਂ ਸਟੇਸ਼ਨਾਂ ਤੋਂ ਨਵੇਂ ਪੱਤਰਕਾਰ ਬਣਨ ਦੇ ਚਾਹਵਾਨ ਯੋਗ ਉਮੀਦਵਾਰ ਜ਼ਿਲ੍ਹਾ ਇੰਚਾਰਜ ਸੁਖਵਿੰਦਰ ਸਿੰਘ ਆਜ਼ਾਦ ਨਾਲ ਮੋਬਾ. ਨੰਬਰ 98728-02192 'ਤੇ ਸੰਪਰਕ ਕਰ ਸਕਦੇ ਹਨ। ਛੇਤੀ ਹੀ ਜ਼ਿਲ੍ਹੇ ਦੇ ਪੱਤਰਕਾਰਾਂ ਦੀ ਇੱਕ ਬੈਠਕ ਸਬ ਆਫਿਸ ਵਿਖੇ ਬੁਲਾਈ ਜਾਵੇਗੀ ਜਿਸ ਵਿੱਚ ਅਗਲਾ ਪ੍ਰੋਗਰਾਮ ਉਲਕਿਆ ਜਾਵੇਗਾ।

-ਸੰਪਾਦਕ